## ਭਗਤ ਨਾਮਦੇਵ - ਸਬਦ ੨੯

### ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥

### ਰਾਗੁ ਬਿਲਾਵਲੁ ਗੋਂਡ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੮੭੪

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥
ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥
ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥
ਹਿੰਦੂ ਅੰਨ੍ਹਾ ਤੁਰਕੂ ਕਾਣਾ ॥
ਦੁਹਾਂ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥

**ਸਾਰ:** ਸਰਬ ਵਿਆਪਕ ਚੇਤਨਾ ਉਹ ਮੂਲ ਤੱਤ ਹੈ ਜਿਸ ਵਿਚ ਸਾਰੇ ਅਨੁਭਵ ਵਾਪਰਦੇ ਹਨ। ਇਸ ਤੋਂ ਪਰੇ ਕੁਝ ਵੀ ਮੌਜੂਦ ਨਹੀਂ ਹੈ, ਅਤੇ ਇਹ ਸਤਾ ਹਮੇਸ਼ਾ ਹਾਜ਼ਰ ਰਹਿੰਦੀ ਹੈ; ਫਿਰ ਵੀ, ਇਹ ਪਰਮ ਹਕੀਕਤ ਅਕਸਰ ਅਣਡਿਠ ਹੀ ਰਹਿੰਦੀ ਹੈ ਕਿਉਂਕਿ ਭਟਕਣਾ ਸਾਨੂੰ ਇਸ ਤੋਂ ਦੂਰ ਖਿੱਚਦੀ ਹੈ। ਇਹ ਅਗਿਆਨਤਾ ਸੂਰਜ ਦੀ ਰੌਸ਼ਨੀ ਹੇਠ ਖਲੋ ਕੇ ਹੱਥ ਵਿਚ ਦੀਵਾ ਲੈ ਸੂਰਜ ਨੂੰ ਲੱਭਣ ਦੀ ਕੋਸ਼ਿਸ਼ ਕਰਨ ਵਰਗੀ ਹੈ। ਅਜਿਹਾ ਨਹੀਂ ਹੈ ਕਿ ਸਾਡੇ ਕੋਲ ਜਾਗਰੂਕਤਾ ਦੀ ਘਾਟ ਹੈ; ਪਰ, ਅਸੀਂ ਉਸ ਨੂੰ ਸਵੀਕਾਰ ਕਰਨ ਵਿਚ ਅਸਫਲ ਰਹਿੰਦੇ ਹਾਂ ਜੋ ਹਮੇਸ਼ਾ ਸਾਡੇ ਸਾਹਮਣੇ ਹਾਜ਼ਰ ਰਿਹਾ ਹੈ। ਇਸ ਸੱਚਾਈ ਵਿਚ ਸਪਸ਼ਟਤਾ ਦੀ ਖੋਜ ਕਰਨਾ ਕੁਝ ਨਵਾਂ ਪ੍ਰਾਪਤ ਕਰਨ ਬਾਰੇ ਨਹੀਂ ਹੈ, ਸਗੋਂ ਉਸ ਨੂੰ ਅਪਣਾਉਣ ਬਾਰੇ ਹੈ ਜੋ ਹਮੇਸ਼ਾ ਸਾਡੇ ਲਈ ਧੁਰ ਅੰਦਰੋਂ ਪਹੁੰਚਯੋਗ ਰਿਹਾ ਹੈ।

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ ॥ ਰਹਾਉ ॥

ਨਾਮਦੇਵ ਕਹਿੰਦੇ ਹਨ ਕਿ ਅੱਜ ਉਨ੍ਹਾਂ ਨੇ ਵਿਸ਼ਵਵਿਆਪੀ ਹਕੀਕਤ ਨੂੰ ਸਮਝ ਲਿਆ ਹੈ ਅਤੇ ਉਹ ਇਸ ਬਾਰੇ ਆਪਣੇ ਉਲਝੇ ਹੋਏ ਮਨ ਨੂੰ ਸਮਝਾਉਣਾ ਚਾਹੁੰਦੇ ਹਨ। ਇਹ ਕਥਨ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਸਰਬਵਿਆਪੀ ਚੇਤਨਾ ਸਾਡੇ ਅਨੁਭਵਾਂ ਵਿਚ ਰਹਿੰਦੀ ਹੈ; ਆਪਣੀ ਅਗਿਆਨਤਾ ਕਾਰਣ ਅਸੀਂ ਇਸ ਨੂੰ ਮਹਿਸੂਸ ਕਰਨ ਦੇ ਯੋਗ ਨਹੀਂ ਹੁੰਦੇ। (ਠਹਿਰਾਉ)

ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ ॥

ਹੇ ਪੁਜਾਰੀ, ਤੁਹਾਡੀ ਗਾਇਤਰੀ, ਬੁੱਧੀ ਨੂੰ ਪ੍ਰਕਾਸ਼ਮਾਨ ਕਰਨ ਦਾ ਸਰੋਤ, ਕਿਸਾਨ ਦੇ ਖੇਤ ਵਿਚ ਚਰ ਰਹੀ ਸੀ। ਇਹ ਕਹਾਵਤ ਮਨ ਨੂੰ ਚਰਾਉਣ ਵਾਲੇ ਮੁਹਾਵਰੇ ਨੂੰ ਦਰਸਾਉਂਦੀ ਹੈ, ਜੋ ਕਿ ਆਲੋਚਨਾਤਮਕ ਸੋਚ ਤੋਂ ਬਾਹਰ ਇਕ ਕੱਟੜ ਮਾਨਸਿਕਤਾ ਦੀ ਤਰਜ਼ਮਾਨੀ ਕਰਦੀ ਹੈ।

ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥

ਇਕ ਸੋਟੀ ਨਾਲ, ਇਸਦੀ ਲੱਤ ਟੁੱਟ ਗਈ ਸੀ, ਜਿਸ ਕਾਰਨ ਇਹ ਲੰਗ ਮਾਰਦੀ ਦੂਰ ਤੁਰੀ ਜਾਂਦੀ ਸੀ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਅਗਿਆਨਤਾ ਹਉਮੈ ਵਿਚ ਬਦਲ ਜਾਂਦੀ ਹੈ, ਤਾਂ ਇਹ ਸਾਡੀ ਆਲੋਚਨਾਤਮਕ ਸੋਚ ਅਤੇ ਜਨਮਜਾਤ ਬਿਬੇਕ ਤੋਂ ਸੂਝ ਪ੍ਰਾਪਤ ਕਰਨ ਵਾਲੀ ਯੋਗਤਾ ਨੂੰ ਘਟਾਉਂਦਾ ਹੈ। (੧)

ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ ॥

ਹੇ ਪੁਜਾਰੀ, ਮੈਂ ਤੁਹਾਡੇ ਦੇਵਤਾ ਸ਼ਿਵ ਨੂੰ ਚਿੱਟੇ ਬਲਦ 'ਤੇ ਸਵਾਰ ਹੋ ਕੇ ਆਉਂਦੇ ਦੇਖਿਆ ਸੀ। ਇਹ ਦ੍ਰਿਸ਼ ਮੌਤ ਨੂੰ ਦਰਸਾਉਂਦਾ ਹੈ, ਜਿਸ ਨੂੰ ਸ਼ਿਵ ਦੁਆਰਾ ਦਰਸਾਇਆ ਗਿਆ ਹੈ, ਜੋ ਕਿ ਹੋਂਦ ਦੀ ਤ੍ਰੈ-ਮੂਰਤੀ ਵਿਚੋਂ ਵਿਨਾਸ਼ਕਾਰੀ ਸ਼ਕਤੀ ਹੈ, ਜੋ ਸਾਨੂੰ ਜੀਵਨ ਦੀ ਅਸਲੀਅਤ ਦੀ ਯਾਦ ਦਿਵਾਉਂਦੀ ਹੈ।

ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ ॥੨॥

ਵਪਾਰੀ ਦੇ ਘਰ ਵਿਚ, ਭੋਜਨ ਤਿਆਰ ਕੀਤਾ ਗਿਆ, ਅਤੇ ਸ਼ਿਵ ਨੇ ਆਪਣੇ ਬੱਚੇ ਨੂੰ ਮਾਰ ਦਿੱਤਾ। ਵਪਾਰੀ ਪਛਾਣ 'ਕੇਂਦ੍ਰਿਤ ਮਾਨਸਿਕਤਾ ਦਾ ਪ੍ਰਤੀਕ ਹੈ; ਦਾਅਵਤ ਉਸ ਹਉਮੈ ਨੂੰ ਦਰਸਾਉਂਦੀ ਹੈ ਜੋ ਇਸ ਵਿਚਾਰ ਨੂੰ ਕਾਇਮ ਰੱਖਦੀ ਹੈ; ਬੱਚਾ ਅਗਿਆਨਤਾ ਦੇ ਨਤੀਜੇ ਨੂੰ ਦਰਸਾਉਂਦਾ ਹੈ; ਅਤੇ ਸ਼ਿਵ ਉਸ ਬਿਬੇਕ ਦੀ ਤਰਜ਼ਮਾਨੀ ਕਰਦਾ ਹੈ ਜੋ ਭਰਮ ਨੂੰ ਨਸ਼ਟ ਕਰਦਾ ਹੈ। (੨)

ਪਾਂਡੇ ਤੁਮਰਾ ਰਾਮਚੰਦੁ ਸੋ ਭੀ ਆਵਤੁ ਦੇਖਿਆ ਥਾ ॥

ਹੇ ਪੁਜਾਰੀ, ਮੈਂ ਤੁਹਾਡੇ ਦੇਵਤੇ, ਰਾਮ ਚੰਦਰ ਨੂੰ ਵੀ ਨੇੜੇ ਆਉਂਦੇ ਦੇਖਿਆ। ਇਹ ਦ੍ਰਿਸ਼ ਇਮਾਨਦਾਰੀ ਅਤੇ ਹਿੰਮਤ ਦੇ ਗੁਣਾਂ ਨੂੰ ਦਰਸਾਉਂਦਾ ਹੈ।

ਰਾਵਨ ਸੇਤੀ ਸਰਬਰ ਹੋਈ ਘਰ ਕੀ ਜੋਇ ਗਵਾਈ ਥੀ ॥੩॥

ਉਸਨੇ ਰਾਵਣ ਵਿਰੁੱਧ ਯੁੱਧ ਛੇੜਿਆ; ਭਾਵੇ, ਉਹ ਆਪਣੀ ਪਤਨੀ ਨੂੰ ਬਨਵਾਸ ਦੇ ਕੇ ਉਸ ਵਰਗਾ ਬਣ ਗਿਆ। ਇਹ ਭਾਵ ਦਰਸਾਉਂਦਾ ਹੈ, ਕਿ ਆਪਣੇ ਵਿਕਾਰਾਂ ਤੋਂ ਮੁਕਤ ਹੋਣਾ ਰਾਵਣ ਦਾ ਪ੍ਰਤੀਕ ਹਨ, ਪਰ ਇਸ ਦੀ ਸਚਿਆਰਤਾ ਨੂੰ ਕਾਇਮ ਰੱਖਣਾ ਰਾਮ ਰੂਪ ਹੈ, ਇਹ ਆਪਣੀ ਅੰਤਰ-ਆਤਮਾ ਦਾ ਬਲੀਦਾਨ ਦੇ ਇਸ ਨੂੰ ਖਤਮ ਵੀ ਕਰ ਸਕਦਾ ਹੈ, ਜੋ ਉਸਦੀ ਪਤਨੀ ਦਾ ਪ੍ਰਤੀਕ ਹੈ। (੩)

ਹਿੰਦੂ ਅੰਨ੍ਾ ਤੁਰਕੂ ਕਾਣਾ ॥

ਸਿੰਧ ਸੱਭਿਆਚਾਰ ਅੰਨ੍ਹਾ ਹੈ; ਮੱਧ ਏਸ਼ੀਆਈ ਸੱਭਿਆਚਾਰ ਕਾਣਾ। ਇਹ ਆਲੋਚਨਾ ਸਿੰਧ ਸੱਭਿਆਚਾਰ ਵਿਚ ਜਾਤੀ ਵਿਤਕਰੇ ਦੇ ਮੁੱਦਿਆਂ ਅਤੇ ਮੱਧ ਏਸ਼ੀਆਈ ਦੇ ਇਕ ਈਸ਼ਵਰਵਾਦ ਸਤਾ ਦੇ ਅਲਹਿਦਗੀ ਵਾਲੀ ਪ੍ਰਕਿਰਤੀ ਨੂੰ ਉਜਾਗਰ ਕਰਦੀ ਹੈ, ਇਕ ਅਜਿਹੀ ਜਟਿਲਤਾ ਜੋ ਸੰਪੂਰਨਤਾ ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਨਹੀਂ ਕਰਦੀ।

ਦੁਹਾਂ ਤੇ ਗਿਆਨੀ ਸਿਆਣਾ ॥

ਇਕ ਰੂਹਾਨੀ ਮਨ ਇਨ੍ਹਾਂ ਦੋਵਾਂ ਨਾਲੋਂ ਵਧੇਰੇ ਜਾਗ੍ਰਿਤ ਹੁੰਦਾ ਹੈ। ਇਹ ਭਾਵ ਅਨੁਭਵੀ ਜੀਵ ਦੇ ਉਦਾਰਵਾਦੀ ਅਤੇ ਸੰਪੂਰਨ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ ਜੋ ਸੰਪਰਦਾਇਕ ਸੀਮਾਵਾਂ ਤੋਂ ਪਰੇ ਹੈ ਅਤੇ ਹੋਂਦ ਦੀ ਸੰਪੂਰਨਤਾ ਨੂੰ ਸਮਝਦਾ ਹੈ।

ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥

ਹਿੰਦੂ ਮੰਦਰਾਂ ਵਿਚ ਪੂਜਾ ਕਰਦੇ ਹਨ, ਅਤੇ ਮੁਸਲਮਾਨ ਮਸਜਿਦਾਂ ਵਿਚ। ਇਹ ਭਾਵ ਇਸ ਗਲਤ ਧਾਰਨਾ ਨੂੰ ਦਰਸਾਉਂਦਾ ਹੈ ਕਿ ਸਰਬ ਵਿਆਪਕ ਸਤਾ ਨਿਰਮਿਤ ਸੀਮਾਵਾਂ ਅਤੇ ਢਾਂਚਿਆਂ ਤੱਕ ਸੀਮਤ ਹੈ।

ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥੪॥੩॥੭॥

ਨਾਮਦੇਵ ਕਹਿੰਦੇ ਹਨ ਕਿ ਉਹ ਉਸ ਸ਼ਕਤੀ ਪ੍ਰਤੀ ਸਮਰਪਿਤ ਹਨ ਜੋ ਨਾ ਤਾਂ ਕਿਸੇ ਮੰਦਰ ਵਿਚ ਹੈ ਅਤੇ ਨਾ ਹੀ ਕਿਸੇ ਮਸਜਿਦ ਵਿਚ। ਇਹ ਅਸੀਮ ਅਵਸਥਾ ਇਸ ਤੱਥ 'ਤੇ ਜ਼ੋਰ ਦਿੰਦੀ ਹੈ ਕਿ ਕੋਈ ਵੀ ਧਾਰਮਿਕ ਪਛਾਣ ਜਾਂ ਸਮਾਜਿਕ ਢਾਂਚਾ ਰੂਹਾਨੀ ਮਨ ਨੂੰ ਸੀਮਤ ਨਹੀਂ ਕਰ ਸਕਦਾ। (੪)(੩)(੭)

**ਤੱਤ:** ਭਗਤ ਨਾਮਦੇਵ ਦਰਸਾਉਂਦੇ ਹਨ ਕਿ ਰੂਹਾਨੀਅਤ ਦੀ ਸੱਚੀ ਸੂਝ ਸੰਪਰਦਾਇਕ ਵੰਡਾਂ ਤੋਂ ਪਰੇ ਹੈ ਅਤੇ ਸਮੁੱਚੀ ਹੋਂਦ ਨੂੰ ਅਪਣਾਉਂਦੀ ਹੈ। ਵੱਖ-ਵੱਖ ਦੇਵਤਿਆਂ ਨੂੰ ਪੁਕਾਰਦੇ ਹੋਏ ਅਤੇ ਇਕ ਸੂਝਮਈ ਰੂਪਕ ਦੇ ਰਾਹੀਂ, ਉਹ ਇਸ ਝੂਠੇ ਵਿਚਾਰ ਨੂੰ ਚੁਣੌਤੀ ਦਿੰਦੇ ਹਨ ਕਿ ਹੱਦਬੰਦੀਆਂ ਅਤੇ ਢਾਂਚਿਆਂ ਵਿਚ ਸਾਰੇ ਜੀਵਨਾਂ ਦੀ ਅਸੀਮ ਸਤਾ ਨੂੰ ਕਿਵੇਂ ਰੱਖਿਆ ਜਾ ਸਕਦਾ ਹੈ। ਉਹ ਇਸ ਸੂਝਮਈ ਵਿਚਾਰ ਦੇ ਹਮਾਇਤੀ ਹਨ ਕਿ ਇਕ ਰੂਹਾਨੀ ਮਨ ਨੂੰ ਕਿਸੇ ਧਾਰਮਿਕ ਪਛਾਣ ਜਾਂ ਸਮਾਜਿਕ ਬਣਤਰ ਦੁਆਰਾ ਸੀਮਤ ਨਹੀਂ ਕੀਤਾ ਜਾ ਸਕਦਾ। ਉਹ ਸਾਨੂੰ ਜਾਗਰੂਕਤਾ ਦੀ ਅਸੀਮ ਅਵਸਥਾ ਦੀ ਸੰਭਾਵਨਾ ਨੂੰ ਪਛਾਣਨ ਦੀ ਤਾਕੀਦ ਕਰਦੇ ਹਨ ਜੋ ਸਾਨੂੰ ਸਾਰਿਆਂ ਨੂੰ ਆਪਸ ਵਿਚ ਜੋੜਦੀ ਹੈ।

---


ਪਹਿਲਕਦਮੀ

**Oneness In Diversity Research Foundation**

**ਵੈੱਬਸਾਈਟ:** [OnenessInDiversity.com](OnenessInDiversity.com)

**ਈਮੇਲ: onenessindiversityfoundation@gmail.com**